Lakeridge Health



Cynthia Davis
ਪ੍ਰੈਜ਼ੀਡੈਂਟ ਅਤੇ ਸੀਈਓ



Dr. Tony Stone
ਚੀਫ਼ ਆਫ਼ ਸਟਾਫ

**10 ਫਰਵਰੀ 2021**

ਪਿਆਰੇ ਦੋਸਤੋ ਅਤੇ ਗੁਆਂਢੀਓ,

Lakeridge Health ਦੇ ਲਗਾਤਾਰ ਸਮਰਥਨ ਲਈ ਅਤੇ COVID-19 ਦੇ ਫੈਲਾਅ ਨੂੰ ਰੋਕਣ ਲਈ ਤੁਹਾਡੀਆਂ ਕੋਸ਼ਿਸ਼ਾਂ ਵਾਸਤੇ ਧੰਨਵਾਦ।

ਜਿਸ ਵੇਲੇ ਅਸੀਂ ਮਿਲ ਕੇ ਮਹਾਂਮਾਰੀ ਦਾ ਮੁਕਾਬਲਾ ਕਰ ਰਹੇ ਹਾਂ, ਪਿਛਲੇ ਸਾਲ ਦੇ ਦੌਰਾਨ ਦੂਸਰੇ ਸੂਬਾਈ ਲੌਕਡਾਉਨ ਦੇ ਨਾਲ ਅਸੀਂ ਫਿਰ ਐਮਰਜੈਂਸੀ ਦੀ ਸਥਿਤੀ ਵਿੱਚ ਪਹੁੰਚ ਗਏ ਹਾਂ। ਕੰਮ 'ਤੇ ਜਾਣ, ਜ਼ਰੂਰੀ ਯਾਤਰਾਵਾਂ, ਜ਼ਰੂਰੀ ਖਰੀਦਦਾਰੀ ਅਤੇ ਡਾਕਟਰੀ ਮੁਲਾਕਾਤਾਂ ਲਈ ਦੌਰਿਆਂ ਨੂੰ ਛੱਡ ਕੇ, ਲੋਕਾਂ ਦੇ ਘਰ ਵਿੱਚ ਰਹਿਣ ਨਾਲ, ਪਿਛਲੇ ਕੁਝ ਹਫ਼ਤਿਆਂ ਵਿੱਚ Durham ਵਿੱਚ COVID-19 ਦੇ ਫੈਲਾਅ ਵਿੱਚ ਕੁਝ ਗਿਰਾਵਟ ਆਈ ਹੈ। ਇਸ ਦੇ ਬਾਵਜੂਦ, ਅਸੀਂ ਆਪਣੇ ਹਸਪਤਾਲਾਂ ਵਿੱਚ ਲਗਾਤਾਰ COVID-19 ਦੇ ਬਹੁਤ ਸਾਰੇ ਮਰੀਜ਼ਾਂ ਦਾ ਇਲਾਜ ਕਰ ਰਹੇ ਹਾਂ।

ਇਸ ਤੋਂ ਇਲਾਵਾ, ਤੁਹਾਨੂੰ ਸੇਵਾ ਦਿੰਦੇ ਹੋਏ, ਅਸੀਂ ਮਹਾਂਮਾਰੀ ਪ੍ਰਤੀ ਸੂਬਾਈ ਪ੍ਰਤਿਕਿਰਿਆ ਵਿੱਚ ਸਹਾਇਤਾ ਕਰ ਰਹੇ ਹਾਂ, ਸਾਡੇ ਕੁਝ ਹਸਪਤਾਲ ਭਾਈਵਾਲਾਂ 'ਤੇ COVID-19 ਦੇ ਦਬਾਅ ਦੇ ਕਾਰਨ ਦੂਸਰੇ ਖੇਤਰਾਂ ਦੇ ਓਨਟਾਰੀਓ ਵਾਸੀਆਂ ਦੀ ਦੇਖਭਾਲ ਕਰਨ ਵਿੱਚ ਆਪਣਾ ਹਿੱਸਾ ਪਾ ਰਹੇ ਹਾਂ। ਜੇ ਸਾਨੂੰ ਲੋੜ ਹੋਵੇਗੀ ਤਾਂ ਅਸੀਂ ਵੀ ਸਾਡੀ ਸਹਾਇਤਾ ਵਾਸਤੇ ਇਹਨਾਂ ਹੀ ਸਾਥੀਆਂ ਤੋਂ ਸਹਾਇਤਾ ਮੰਗਾਂਗੇ।

ਭਾਵੇਂ ਅਸੀਂ ਸਾਰੇ ਇਸ ਮਹਾਂਮਾਰੀ ਨਾਲ ਨਜਿੱਠਣ ਦੀ ਥਕਾਵਟ ਨੂੰ ਅਨੁਭਵ ਕਰ ਰਹੇ ਹਾਂ, ਸਾਡੀਆਂ ਅਗਲੀ ਕਤਾਰ ਦੀਆਂ ਟੀਮਾਂ ਉਹਨਾਂ ਲੋਕਾਂ ਪ੍ਰਤੀ ਅਸਾਧਾਰਨ ਲਚਕੀਲਾਪਣ ਅਤੇ ਵਚਨਬੱਧਤਾ ਦਿਖਾਉਂਦੀਆਂ ਹਨ ਜਿਨ੍ਹਾਂ ਨੂੰ ਸਾਡੇ ਭਾਈਚਾਰੇ ਵਿੱਚ ਵਿਸ਼ੇਸ਼ ਸਿਹਤ ਸੰਭਾਲ ਸੇਵਾਵਾਂ ਦੀ ਲੋੜ ਹੈ। ਸਾਡੀਆਂ ਟੀਮਾਂ ਅਣਥੱਕ ਮਿਹਨਤ ਨਾਲ ਕੰਮ ਕਰ ਰਹੀਆਂ ਹਨ ਅਤੇ ਨਵੀਨਤਾ ਲਿਆ ਰਹੀਆਂ ਹਨ ਅਤੇ ਸੁਰੱਖਿਅਤ, ਉੱਚ-ਕੁਆਲਟੀ ਦੀ ਦੇਖਭਾਲ ਨੂੰ ਯਕੀਨੀ ਬਣਾਉਣ ਲਈ ਨਵੀਆਂ ਪ੍ਰਕਿਰਿਆਵਾਂ ਸ਼ੁਰੂ ਕਰ ਰਹੀਆਂ ਹਨ।

### ਵੈਕਸੀਨ ਬਾਰੇ ਅੱਪਡੇਟ: ਤਰਜੀਹੀ ਅਬਾਦੀ ਦੇ ਲਈ ਤਰੱਕੀ ਜਾਰੀ ਹੈ

ਨਵੇਂ ਸਾਲ ਦੇ ਨਾਲ ਉਮੀਦ ਦੇ ਅਨੁਸਾਰ ਪਹਿਲੀਆਂ COVID-19 ਵੈਕਸੀਨਾਂ ਦੀ ਸ਼ੁਰੂਆਤ ਵੀ ਹੋਈ। Lakeridge Health ਨੂੰ ਮਾਣ ਹੈ ਕਿ ਇਹ Pfizer COVID-19 ਵੈਕਸੀਨ ਦੀ ਵੰਡ ਕਰਨ ਵਾਲੇ ਓਨਟਾਰੀਓ ਦੇ ਹਸਪਤਾਲਾਂ ਵਿਚੋਂ ਇੱਕ ਹੈ। Oshawa Hospital ਵਿਖੇ ਸਾਡੇ ਆਨ-ਸਾਈਟ ਵੈਕਸੀਨ ਕਲੀਨਿਕ ਅਤੇ ਸਾਡੇ ਮੋਬਾਈਲ ਵੈਕਸੀਨੇਸ਼ਨ ਕਲੀਨਿਕ ਦੇ ਰਾਹੀਂ, ਅਸੀਂ ਪਹਿਲਾਂ

ਹੀ ਤਰਜੀਹੀ ਆਬਾਦੀ: ਲੰਬੇ-ਸਮੇਂ ਦੇ ਕੇਅਰ ਹੋਮਾਂ ਅਤੇ ਰਿਟਾਇਰਮੈਂਟ ਹੋਮਾਂ ਦੇ ਵਸਨੀਕਾਂ, ਸਟਾਫ਼, ਅਤੇ ਜ਼ਰੂਰੀ ਦੇਖਭਾਲ ਕਰਨ ਵਾਲਿਆਂ, ਅਤੇ ਨਾਲ ਹੀ ਉੱਚ ਜੋਖਮ ਵਾਲੇ ਸਿਹਤ ਦੇਖਭਾਲ ਕਰਮਚਾਰੀਆਂ ਨੂੰ 15,000 ਤੋਂ ਵੱਧ ਵੈਕਸੀਨਾਂ ਲਗਾ ਚੁੱਕੇ ਹਾਂ।

ਸਾਡਾ ਮੌਜੂਦਾ ਧਿਆਨ ਓਨਟਾਰੀਓ ਵਿੱਚ ਵੈਕਸੀਨ ਸ਼ੁਰੂ ਕਰਨ ਦੇ ਪੜਾਅ 1 ਦਾ ਸਮਰਥਨ ਕਰਨਾ ਹੈ। Durham Region Paramedics ਅਤੇ ਪਬਲਿਕ ਹੈਲਥ ਦੇ ਸਹਿਯੋਗ ਨਾਲ, ਅਸੀਂ ਪੜਾਅ 1 ਵਿੱਚ ਪਛਾਣੇ ਗਏ ਕਮਜ਼ੋਰ ਸਮੂਹਾਂ ਦੀ ਰੱਖਿਆ ਕਰਨ ਲਈ, ਟੀਕੇ ਦੀ ਸਪਲਾਈ ਦੇ ਅਧਾਰ 'ਤੇ, ਜਿੰਨੀ ਜਲਦੀ ਹੋ ਸਕੇ ਟੀਕੇ ਦੀ ਵੰਡ ਕਰਨ 'ਤੇ ਕੰਮ ਕਰ ਰਹੇ ਹਾਂ।

ਅਸੀਂ ਜਾਣਦੇ ਹਾਂ ਕਿ ਤੁਹਾਡੇ ਵਿੱਚੋਂ ਬਹੁਤ ਲੋਕ ਹੋਰ ਪ੍ਰਵਾਨਿਤ ਟੀਕਿਆਂ ਦੀ ਸ਼ੁਰੂਆਤ ਦੀ ਖ਼ਬਰ ਦੀ ਬੇਚੈਨੀ ਨਾਲ ਉਡੀਕ ਕਰ ਰਹੇ ਹਨ। ਇਸ ਸਮੇਂ, ਸਾਡਾ ਕਲੀਨਿਕ ਆਮ ਲੋਕਾਂ ਨੂੰ ਵੈਕਸੀਨੇਸ਼ਨ ਅਪਾਇੰਟਮੈਂਟਾਂ ਨਹੀਂ ਦੇ ਸਕਦਾ ਹੈ। ਓਨਟੈਰੀਓ ਦੀ ਵੈਕਸੀਨੇਸ਼ਨ ਸ਼ੁਰੂਆਤ ਯੋਜਨਾ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਿਹਤ ਮੰਤਰਾਲੇ ਦੀ ਵੈੱਬਸਾਈਟ ਜਾਂ Durham Region ਪਬਲਿਕ ਹੈਲਥ ਦੀ ਵੈੱਬਸਾਈਟ ਦੇਖੋ। ਅਸੀਂ ਆਉਣ ਵਾਲੇ ਮਹੀਨਿਆਂ ਵਿੱਚ ਆਪਣੇ ਭਾਈਵਾਲਾਂ ਨਾਲ ਭਾਈਵਾਲੀ ਵਿੱਚ ਕੰਮ ਕਰਾਂਗੇ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਵੈਕਸੀਨਾਂ ਜਿੰਨੀ ਜਲਦੀ ਹੋ ਸਕੇ ਤੁਹਾਡੇ ਤਕ ਪਹੁੰਚਣ।

**Virtual Urgent Care Clinic (ਵਰਚੁਅਲ ਜ਼ਰੂਰੀ ਦੇਖਭਾਲ ਕਲੀਨਿਕ): ਤੁਹਾਡੇ ਘਰ ਤੋਂ ਦੇਖਭਾਲ ਤੱਕ ਪਹੁੰਚਣਾ**

ਸਿਹਤ ਦੇਖਭਾਲ ਸੇਵਾਵਾਂ ਤਕ ਪਹੁੰਚ ਵਿੱਚ ਸੁਧਾਰ ਕਰਨਾ, ਵਿਸ਼ੇਸ਼ ਤੌਰ 'ਤੇ ਮਹਾਂਮਾਰੀ ਦੇ ਦੌਰਾਨ, Lakeridge Health ਵਿਖੇ ਇੱਕ ਪਹਿਲ ਹੈ। ਦੂਸਰੇ ਪ੍ਰੋਗਰਾਮਾਂ ਲਈ ਵਰਚੁਅਲ ਦੇਖਭਾਲ ਸੇਵਾਵਾਂ ਦੀ ਸਫਲਤਾ ਦੇ ਅਧਾਰ 'ਤੇ, ਜਿਵੇਂ ਕਿ ਬਾਹਰੀ ਮਰੀਜ਼ਾਂ ਦੇ ਡਾਇਲਾਸਿਸ, ਮਾਨਸਿਕ ਸਿਹਤ ਸੇਵਾਵਾਂ ਅਤੇ ਮੁੜ ਵਸੇਬਾ, Lakeridge Health ਨੇ ਇੱਕ ਨਵਾਂ ਵਰਚੁਅਲ Virtual Urgent Care Clinic ਸ਼ੁਰੂ ਕੀਤਾ ਹੈ।

ਨਵਾਂ ਕਲੀਨਿਕ ਅਜਿਹੀਆਂ ਸਮੱਸਿਆਵਾਂ ਲਈ ਜਿਨ੍ਹਾਂ ਵਿੱਚ ਜਾਨ ਦਾ ਖ਼ਤਰਾ ਨਹੀਂ ਹੁੰਦਾ ਹੈ, ਵਾਕ-ਇਨ ਕਲੀਨਿਕ ਦੀ ਤਰ੍ਹਾਂ ਹੀ ਕੰਮ ਕਰਦਾ ਹੈ, ਸਿਰਫ ਦੇਖਭਾਲ ਮੋਬਾਈਲ ਫੋਨ ਜਾਂ WiFi- ਸਮਰਥਿਤ ਕੰਪਿਊਟਰ ਦੁਆਰਾ ਲਗਭਗ ਕਿਤੋਂ ਵੀ ਪ੍ਰਾਪਤ ਕੀਤੀ ਜਾਂਦੀ ਹੈ। ਮਰੀਜ਼ ਕਿਸੇ ਡਾਕਟਰ ਨਾਲ ਗੱਲ ਕਰਨ ਲਈ ਇੱਕ ਸੁਰੱਖਿਅਤ ਨੈੱਟਵਰਕ ਰਾਹੀਂ ਕਨੈਕਟ ਕਰ ਸਕਦੇ ਹਨ ਅਤੇ ਡਾਕਟਰੀ ਸਲਾਹ, ਦਵਾਈ ਦੇ ਨੁਸਖ਼ੇ, ਅਤੇ ਜੇ ਜਰੂਰੀ ਹੋਵੇ ਤਾਂ ਰੈਫਰਲ ਪ੍ਰਾਪਤ ਕਰ ਸਕਦੇ ਹਨ। ਜੇ ਤੁਸੀਂ ਵਰਚੁਅਲ ਕਲੀਨਿਕ ਤਕ ਪਹੁੰਚਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ www.lh.ca 'ਤੇ ਜਾਓ।

**ਨਿਯਤ ਸਰਜਰੀਆਂ**

ਜਿਸ ਵੇਲੇ ਅਸੀਂ COVID-19 ਵਾਲੇ ਉਹਨਾਂ ਮਰੀਜ਼ਾਂ ਵਿੱਚ ਵਾਧੇ ਲਈ ਤਿਆਰੀ ਕਰ ਰਹੇ ਹਾਂ ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਹੋਣ ਦੀ ਲੋੜ ਹੈ, Lakeridge Health ਨੇ ਇਸ ਸਮੇਂ Oshawa Hospital ਅਤੇ Ajax Pickering Hospital ਵਿੱਚ ਨਿਯਤ ਸਰਜਰੀਆਂ ਦੀ ਸੰਖਿਆ ਨੂੰ ਘਟਾਉਣ ਦਾ ਮੁਸ਼ਕਲ ਫੈਸਲਾ ਲਿਆ ਹੈ।

ਸਾਡਾ ਟੀਚਾ ਹੈ ਸਾਰਿਆਂ ਲਈ ਸੁਰੱਖਿਅਤ ਵਾਤਾਵਰਣ ਮੁਹੱਈਆ ਕਰਦੇ ਹੋਏ ਜਿੰਨਾ ਸੰਭਵ ਹੋ ਸਕੇ ਵੱਧ ਤੋਂ ਵੱਧ ਸਰਜਰੀਆਂ ਕਰਨਾ ਜਾਰੀ ਰੱਖਣਾ। ਹਾਲਾਂਕਿ ਹਰੇਕ ਸਰਜਰੀ ਉਸ ਵਿਅਕਤੀ ਲਈ ਮਹੱਤਵਪੂਰਨ ਹੁੰਦੀ ਹੈ ਜਿਸਨੂੰ ਇਸਦੀ ਲੋੜ ਹੁੰਦੀ ਹੈ, ਇਸ ਸਮੇਂ ਅਸੀਂ ਕਿਸੇ ਵੀ ਮੁਲਤਵੀ ਕੀਤੀ ਦਾਖਲ ਮਰੀਜ਼ ਦੀ ਸਰਜਰੀ ਨੂੰ ਕਿਸੇ ਦਿਨ ਦੀ ਸਰਜਰੀ ਜਾਂ ਹੋਰ ਬਾਹਰੀ ਮਰੀਜ਼ਾਂ ਦੀਆਂ ਸੇਵਾਵਾਂ ਦੀ ਲੋੜ ਵਾਲੇ ਮਰੀਜ਼ਾਂ ਨਾਲ ਬਦਲ ਸਕਦੇ ਹਾਂ। ਜਿਵੇਂ ਕਿ ਅਸੀਂ COVID-19 ਦੇ ਨਾਲ ਬਿਮਾਰ ਲੋਕਾਂ ਦੀ ਗਿਣਤੀ ਨੂੰ ਵੱਧਦੇ ਹੋਏ ਦੇਖ ਰਹੇ ਹਾਂ, ਸਾਨੂੰ ਨਿਯਤ ਸਰਜਰੀਆਂ ਦੇ ਇੱਕ ਵੱਡੇ ਪ੍ਰਤਿਸ਼ਤ ਨੂੰ ਮੁਲਤਵੀ ਕਰਨਾ ਪੈ ਸਕਦਾ ਹੈ।

ਅਸੀਂ ਇਹ ਨਿਰਧਾਰਤ ਕਰਨ ਲਈ ਹਰੇਕ ਸਰਜਰੀ ਦੀ ਸਮੀਖਿਆ ਕਰ ਰਹੇ ਹਾਂ ਕਿ ਅਸੀਂ ਆਪਣੇ ਮਰੀਜ਼ਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਕਿਵੇਂ ਜਾਰੀ ਰੱਖ ਸਕਦੇ ਹਾਂ। ਹਮੇਸ਼ਾਂ ਦੀ ਤਰਾਂ, ਅਸੀਂ ਇਹ ਫੈਸਲੇ ਨੈਤਿਕ ਢਾਂਚੇ ਦੀ ਵਰਤੋਂ ਕਰਦੇ ਹੋਏ ਅਤੇ ਆਪਣੀਆਂ ਕਦਰਾਂ ਕੀਮਤਾਂ ਦੇ ਅਨੁਸਾਰ ਕਰ ਰਹੇ ਹਾਂ। ਜਿਵੇਂ ਹੀ ਅਸੀਂ ਸੁਰੱਖਿਅਤ ਢੰਗ ਨਾਲ ਅਜਿਹਾ ਕਰਨ ਦੇ ਯੋਗ ਹੋ ਜਾਵਾਂਗੇ ਅਸੀਂ ਸਰਜਰੀਆਂ ਦੀ ਨਿਯਮਿਤ ਮਾਤਰਾ ਨੂੰ ਦੁਬਾਰਾ ਸ਼ੁਰੂ ਕਰਾਂਗੇ।

**COVID-19 ਟੈਸਟਿੰਗ: ਜੇ ਤੁਹਾਨੂੰ ਲੱਛਣ ਹੋਣ ਤਾਂ ਦੇਰੀ ਨਾ ਕਰੋ**

ਮੁਢਲੀ ਜਾਂਚ ਇਸ ਵਾਇਰਸ ਨਾਲ ਲੜਨ ਦੀ ਕੁੰਜੀ ਹੈ। ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਵਿੱਚ ਕੋਈ ਬੀਮਾਰ ਮਹਿਸੂਸ ਕਰਦਾ ਹੈ, ਤਾਂ ਅਸੀਂ ਤੁਹਾਨੂੰ ਤੁਰੰਤ Covidswab.lh.ca 'ਤੇ COVID-19 ਟੈਸਟ ਬੁਕ ਕਰਨ ਲਈ ਪ੍ਰੇਰਿਤ ਕਰਦੇ ਹਾਂ। ਦੇਰੀ ਕਰਨ ਨਾਲ ਅਣਜਾਣੇ ਵਿੱਚ ਵਾਇਰਸ ਫੈਲਾਉਣ ਦਾ ਜੋਖਮ ਵੱਧ ਜਾਂਦਾ ਹੈ।

ਛੇ COVID-19 ਮੁਲਾਂਕਣ ਕੇਂਦਰ ਹਨ ਅਤੇ Durham Region ਵਿੱਚ ਤਿੰਨ ਸੈਟੇਲਾਈਟ ਸਾਈਟਾਂ ਹਨ। ਇਸ ਤੋਂ ਇਲਾਵਾ, ਇੱਕ ਮੋਬਾਈਲ COVID-19 ਟੈਸਟਿੰਗ ਬੱਸ ਹੁਣ ਟੈਸਟ ਕਰਨ ਦੀ ਸਮਰੱਥਾ ਨੂੰ ਭਾਈਚਾਰੇ ਤਕ ਲਿਆ ਰਹੀ ਹੈ - ਘਰਾਂ ਵਿੱਚ ਬੈਠੇ ਉਹਨਾਂ ਬਜ਼ੁਰਗਾਂ ਜਾਂ ਉਹਨਾਂ ਲੋਕਾਂ ਤਕ ਜੋ ਟੈਸਟਿੰਗ ਸਾਈਟ ਤਕ ਨਹੀਂ ਜਾ ਸਕਦੇ ਹਨ। ਇਸ ਪਹਿਲਕਦਮੀ ਦੀ ਅਗਵਾਈ ਕਰਨ ਅਤੇ ਸਾਡੇ ਭਾਈਚਾਰੇ ਦੇ ਸਭ ਤੋਂ ਕਮਜ਼ੋਰ ਲੋਕਾਂ ਦੀ ਸਹਾਇਤਾ ਕਰਨ ਲਈ Durham Region Paramedics ਦਾ ਧੰਨਵਾਦ। ਟੈਸਟਿੰਗ ਸੈਂਟਰ ਦੇ ਟਿਕਾਣਿਆਂ ਅਤੇ ਕੰਮ ਕਰਨ ਦੇ ਸਮੇਂ ਪਤਾ ਕਰਨ ਲਈ ਕਿਰਪਾ ਕਰਕੇ ਲਈ ਸਾਡੀ ਵੈੱਬਸਾਈਟ 'ਤੇ ਜਾਓ।

**ਕਿਰਪਾ ਕਰਕੇ ਚੌਕਸ ਰਹੋ**

ਅਸੀਂ ਜਾਣਦੇ ਹਾਂ "COVID ਦੀ ਥਕਾਵਟ" ਅਸਲ ਚੀਜ਼ ਹੈ। ਪਰ ਹੁਣ, ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ, ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਕਿਰਪਾ ਕਰਕੇ ਮੁਢਲੇ ਸੁਰੱਖਿਆ ਪ੍ਰੋਟੋਕਾਲਾਂ ਦੀ ਪਾਲਣਾ ਕਰਦੇ ਹੋਏ ਚੌਕਸ ਰਹੋ: ਘਰ ਰਹਿਣਾ, ਸਿਰਫ ਜ਼ਰੂਰੀ ਕੰਮਾਂ ਲਈ ਹੀ ਘਰ ਤੋਂ ਬਾਹਰ ਜਾਣਾ, ਸੰਪਰਕ ਨੂੰ ਉਹਨਾਂ ਲੋਕਾਂ ਤਕ ਸੀਮਿਤ ਕਰਨਾ ਜੋ ਸਾਡੇ ਨਾਲ ਰਹਿੰਦੇ ਹਨ, ਅਕਸਰ ਹੱਥ ਧੋਣਾ, ਅਤੇ ਆਪਣੇ ਸਮਾਜਿਕ ਦਾਇਰੇ ਦੇ ਬਾਹਰ ਹੋਣ ਵੇਲੇ ਮਾਸਕ ਪਹਿਨਣਾ।

ਖੋਜ ਤੇਜ਼ੀ ਨਾਲ ਇਹ ਦਿਖਾਉਂਦੀ ਹੈ ਕਿ ਨਸਲੀ ਅਤੇ ਨਸਲੀ ਘੱਟ-ਗਿਣਤੀ ਲੋਕਾਂ 'ਤੇ COVID-19 ਦਾ ਜ਼ਿਆਦਾ ਅਸਰ ਹੋਇਆ ਹੈ। ਇਸ ਮਹੀਨੇ, ਜਦੋਂ ਅਸੀਂ **Black History Month** ਮਨਾਉਂਦੇ ਹਾਂ, ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ Durham Region ਦੇ ਵਿਵਿਧ ਭਾਈਚਾਰੇ ਦੇ ਸਾਰੇ ਮੈਂਬਰਾਂ ਦੀ ਰੱਖਿਆ ਅਤੇ ਸਹਾਇਤਾ ਕਰਨ ਲਈ ਚੌਕਸ ਬਣੇ ਰਹਿਣਾ ਜਾਰੀ ਰੱਖੀਏ।

Black History Month ਉਹਨਾਂ ਕਾਲੇ ਕੈਨੇਡਾ ਵਾਸੀਆਂ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਪ੍ਰਾਪਤੀਆਂ ਅਤੇ ਯੋਗਦਾਨਾਂ ਦਾ ਸਨਮਾਨ ਕਰਨ ਦਾ ਸਮਾਂ ਹੁੰਦਾ ਹੈ ਜਿਨ੍ਹਾਂ ਨੇ ਇੱਕ ਜ਼ਿਆਦਾ ਵਿਵਿਧ, ਦਇਆਵਾਨ ਅਤੇ ਖੁਸ਼ਹਾਲ ਦੇਸ਼ ਬਣਨ ਵੱਲ ਕੈਨੇਡਾ ਦੀ ਯਾਤਰਾ ਨੂੰ ਆਕਾਰ ਦਿੱਤਾ ਸੀ। ਅਸੀਂ ਪੂਰੇ ਮਹੀਨੇ ਦੌਰਾਨ ਬਹੁਤ ਸਾਰੀਆਂ ਗਤੀਵਿਧੀਆਂ ਅਤੇ ਘੋਸ਼ਣਾਵਾਂ ਕਰਨ ਦੀ ਯੋਜਨਾ ਬਣਾਈ ਹੈ। ਇਸ ਵਿੱਚ Durham Region ਦੇ *Together We Rise* (ਇਕੱਠੇ ਮਿਲ ਕੇ ਅਸੀਂ ਅੱਗੇ ਵੱਧਦੇ ਹਾਂ) ਵਰਚੁਅਲ ਮੁਹਿੰਮ ਵਿੱਚ ਹਿੱਸਾ ਲੈਣਾ ਸ਼ਾਮਲ ਹੈ। ਸਾਡਾ ਇੱਥੇ ਸਾਡੇ ਵੀਡੀਓ ਵਿੱਚ ਸਾਡੇ ਕੁਝ ਲੀਡਰਾਂ ਨੂੰ ਇਹ ਸਮਝਾਉਂਦੇ ਹੋਏ ਦੇਖੋ ਕਿ ਕਿਵੇਂ Lakeridge Health ਇੱਕ ਅਜਿਹੇ ਸਭ ਨੂੰ ਸ਼ਾਮਲ ਕਰਨ ਵਾਲੇ ਸਭਿਆਚਾਰ ਦੀ ਉਸਾਰੀ ਕਰਨ ਲਈ ਕੰਮ ਕਰ ਰਿਹਾ ਹੈ ਜੋ ਇੱਕ ਦੂਜੇ ਵਿਚਲੇ ਅੰਤਰ ਦਾ ਜਸ਼ਨ ਮਨਾਉਂਦਾ ਹੈ।

ਅਸੀਂ ਤੁਹਾਨੂੰ ਸਾਡੇ ਨਾਲ ਸ਼ਾਮਲ ਹੋਣ ਅਤੇ Black History Month ਨੂੰ ਮਨਾਉਣ ਅਤੇ ਸਮਾਨਤਾ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਚੱਲ ਰਹੀ ਮੁਹਿੰਮ ਦਾ ਸਮਰਥਨ ਕਰਨ ਲਈ, Durham Region ਅਤੇ ਇਸ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਾਂ।

ਸਾਨੂੰ ਸਾਰਿਆਂ ਨੂੰ ਆਪਣੇ ਹੁਨਰ ਅਤੇ ਗਿਆਨ ਦੀ ਵਰਤੋਂ ਕਰਦੇ ਹੋਏ ਆਪਣੇ ਮਰੀਜ਼ਾਂ ਦੀ ਹਮਦਰਦੀ ਅਤੇ ਦਿਆਲਤਾ ਨਾਲ ਦੇਖਭਾਲ ਕਰਨ ਲਈ ਕਿਹਾ ਗਿਆ ਹੈ। ਜਿਸ ਵੇਲੇ ਅਸੀਂ ਇਸ ਵਿਸ਼ਵਵਿਆਪੀ ਮਹਾਂਮਾਰੀ ਦਾ ਮੁਕਾਬਲਾ ਕਰ ਰਹੇ ਹਾਂ, ਅਸੀਂ ਸਮੁੱਚੀ ਸਿਹਤ ਦੇਖਭਾਲ ਦੀ ਏਕੀਕ੍ਰਿਤ ਪ੍ਰਣਾਲੀ ਦੇ ਵੱਲ ਆਪਣੀ ਪਰਿਵਰਤਨ ਦੀ ਯਾਤਰਾ ਵਿੱਚ ਅੱਗੇ ਵੱਧ ਰਹੇ ਹਾਂ, ਅਸੀਂ ਉਹਨਾਂ ਲੋਕਾਂ ਲਈ ਮੌਜੂਦ ਹੋਣਾ ਜਾਰੀ ਰੱਖਾਂਗੇ ਜਿਨ੍ਹਾਂ ਨੂੰ ਸਾਡੀ ਸਭ ਤੋਂ ਵੱਧ ਲੋੜ ਹੈ।

ਕਿਰਪਾ ਕਰਕੇ ਤੰਦਰੁਸਤ ਅਤੇ ਸੁਰੱਖਿਅਤ ਰਹੋ।

ਸਨਮਾਨ ਸਹਿਤ,

Cynthia Davis
ਪ੍ਰੈਜ਼ੀਡੈਂਟ ਅਤੇ ਸੀਈਓ

Dr. Tony Stone
ਚੀਫ਼ ਆਫ਼ ਸਟਾਫ